## ਅਧਿਆਇ 34

# ਧਰਤੀ ਦੀਆਂ ਹੱਦਾਂ ਅਤੇ ਵੰਡ

ਵਾਅਦੇ ਦੀ ਧਰਤੀ ਤੇ ਜ਼ੋਰ ਜਿਹੜਾ ਅਧਿਆਇ 32 ਵਿਚ ਸ਼ੁਰੂ ਹੋਇਆ ਸੀ ਅਧਿਆਇ 34 ਵਿਚ ਜਾਰੀ ਰਹਿੰਦਾ ਹੈ। ਲਿਖਤ ਹੁਣ ਉਸ ਧਰਤੀ ਦੀਆਂ ਹੱਦਾਂ ਬਾਰੇ ਸਪੱਸ਼ਟ ਰੂਪ ਨਾਲ ਦੱਸਦੀ ਹੈ।[1] ਇਹ ਸਿਰਫ 9.5 ਗੋਤਾਂ ਵਿਚ ਵੰਡੀ ਜਾਣੀ ਸੀ, ਕਿਉਂਕਿ 2.5 ਗੋਤਾਂ ਨੂੰ ਯਰਦਨ ਦੇ ਪੂਰਬ ਵੱਲ ਦੀ ਧਰਤੀ ਪਹਿਲਾਂ ਹੀ ਮਿਲ ਚੁੱਕੀ ਸੀ। ਦਸ ਮਨੁੱਖਾਂ (ਰਊਬੇਨ ਅਤੇ ਗਾਦ ਦੇ ਗੋਤ ਨੂੰ ਛੱਡ ਕੇ ਹਰ ਗੋਤ ਵਿੱਚੋਂ ਇੱਕ ਇੱਕ) ਦੇ ਨਾਉਂ ਦਿੱਤੇ ਗਏ ਹਨ ਜਿਨ੍ਹਾਂ ਨੇ ਵੱਖ-ਵੱਖ ਗੋਤਾਂ ਦੇ ਲਈ ਧਰਤੀ ਦੀ ਵੰਡ ਦੀ ਅਗਵਾਈ ਕਰਨੀ ਸੀ।

## ਯਰਦਨ ਦੇ ਪੱਛਮ ਵੱਲ ਦੇਸ ਦੀਆਂ ਹੱਦਾਂ (34:1-12)

**1ਤਾਂ ਯਹੋਵਾਹ ਮੂਸਾ ਨੂੰ ਬੋਲਿਆ, 2ਇਸਰਾਏਲੀਆਂ ਨੂੰ ਹੁਕਮ ਦੇ ਕੇ ਆਖ ਕਿ ਜਦ
ਤੁਸੀਂ ਕਨਾਨ ਦੇਸ ਵਿੱਚ ਵੜੋ (ਏਹ ਦੇਸ ਉਹ ਹੈ ਜਿਹੜਾ ਤੁਹਾਡੀ ਮਿਲਖ ਲਈ ਮਿਲੇਗਾ
ਅਰਥਾਤ ਕਨਾਨ ਦੇਸ ਉਹ ਦੀਆਂ ਹੱਦਾਂ ਤੀਕ) 3ਤਾਂ ਤੁਹਾਡਾ ਦੱਖਣ ਦਾ ਪਾਸਾ ਸੀਨ ਦੀ
ਉਜਾੜ ਤੋਂ ਅਦੋਮ ਦੇ ਲਾਂਭੇ ਲਾਂਭੇ ਹੋਵੇ ਅਤੇ ਤੁਹਾਡੇ ਦੱਖਣ ਦੀ ਹੱਦ ਸਲੂਣੇ ਸਮੁੰਦਰ ਦੇ ਸਿਰ
ਤੋਂ ਪੂਰਬ ਵੱਲ ਹੋਵੇ। 4ਤਾਂ ਤੁਹਾਡੀ ਹੱਦ ਦੱਖਣ ਅਕਰੱਬੀਮ ਦੀ ਚੜ੍ਹਾਈ ਵੱਲ ਮੁੜੇ, ਫੇਰ ਸੀਨ
ਵੱਲ ਹੁੰਦੀ ਹੋਈ ਉਹ ਦਾ ਫੈਲਾਉ ਦੱਖਣ ਤੋਂ ਕਾਦੇਸ਼-ਬਰਨੇਆ ਤੀਕ ਹੋਵੇ ਅਤੇ ਹਸਰ-ਅੱਦਾਰ
ਤੀਕ ਜਾ ਕੇ ਅਸਮੋਨ ਤੀਕ ਪਹੁੰਚੇ। 5ਤਾਂ ਉਹ ਹੱਦ ਅਸਮੋਨ ਤੋਂ ਮਿਸਰ ਦੀ ਨਦੀ ਤਾਈਂ
ਘੁੰਮੇ ਅਤੇ ਉਹ ਦਾ ਫੈਲਾਉ ਸਮੁੰਦਰ ਤੀਕ ਹੋਵੇ। 6ਅਤੇ ਤੁਹਾਡੇ ਲਹਿੰਦੇ ਪਾਸੇ ਦੀ ਹੱਦ ਮਹਾ
ਸਮੁੰਦਰ ਹੋਵੇ। ਏਹ ਤੁਹਾਡੇ ਲਹਿੰਦੇ ਪਾਸੇ ਦੀ ਹੱਦ ਹੋਵੇ। 7ਏਹ ਤੁਹਾਡੇ ਉੱਤਰ ਵੱਲ ਦੀ ਹੱਦ
ਹੋਵੇ। ਮਹਾ ਸਮੁੰਦਰ ਤੋਂ ਤੁਸੀਂ ਹੋਰ ਨਾਮੇ ਪਰਬਤ ਤੱਕ ਨਿਸ਼ਾਨ ਲਾਓ। 8ਹੋਰ ਪਰਬਤ ਤੋਂ
ਤੁਸੀਂ ਨਿਸ਼ਾਨ ਹਮਾਥ ਦੇ ਰਾਹ ਤੱਕ ਲਾਓ ਤਾਂ ਹੱਦ ਸਦਾਦ ਤਾਈਂ ਪਹੁੰਚੇ। 9ਫੇਰ ਹੱਦ
ਜ਼ਿਫਰੋਨ ਤੀਕ ਜਾਵੇ ਅਤੇ ਓਹ ਦਾ ਫੈਲਾਉ ਹਸਰ-ਏਨਾਨ ਤੱਕ ਹੋਵੇ। ਏਹ ਤੁਹਾਡੀ ਉੱਤਰ
ਦੀ ਹੱਦ ਹੋਵੇ। 10ਤੁਸੀਂ ਆਪਣੀ ਪੂਰਬੀ ਹੱਦ ਲਈ ਹਸਰ-ਏਨਾਨ ਤੋਂ ਸ਼ਫਾਮ ਤੀਕ ਨਿਸ਼ਾਨ
ਲਾਓ। 11ਅਤੇ ਹੱਦ ਸ਼ਫਾਮ ਤੋਂ ਰਿਬਲਾਹ ਤੀਕ ਆਯਿਨ ਦੇ ਪੂਰਬ ਵੱਲੋਂ ਹੇਠਾਂ ਨੂੰ ਜਾਵੇ।
ਹੱਦ ਹੇਠਾਂ ਨੂੰ ਜਾਵੇ ਅਤੇ ਪੂਰਬ ਵੱਲ ਕਿਨੱਰਥ ਦੀ ਝੀਲ ਦੇ ਕੰਢੇ ਤੀਕ ਪਹੁੰਚੇ। 12ਤੇ ਹੱਦ
ਯਰਦਨ ਤੱਕ ਹੇਠਾਂ ਜਾਵੇ ਅਤੇ ਉਹ ਦਾ ਫੈਲਾਉ ਸਲੂਣੇ ਸਮੁੰਦਰ ਤੀਕ ਹੋਵੇ। ਏਹ ਤੁਹਾਡੀ
ਧਰਤੀ ਦੇ ਆਲੇ ਦੁਆਲੇ ਦੀਆਂ ਹੱਦਾਂ ਹੋਣ।**

**ਆਇਤਾਂ 1, 2.** ਪਰਮੇਸ਼ੁਰ ਨੇ, **ਮੂਸਾ** ਦੇ ਰਾਹੀਂ, ਖਾਸ ਤੌਰ ਤੇ ਉਸ ਇਲਾਕੇ ਦੀ ਪਛਾਣ ਕੀਤੀ ਸੀ ਜਿਹੜਾ ਉਹ **ਇਸਰਾਏਲੀਆਂ ਨੂੰ ... ਮਿਲਖ ਲਈ** ਦੇਣ ਜਾ ਰਿਹਾ ਸੀ। **ਹੱਦਾਂ** ਦਾ ਵਰਣਨ ਦੱਖਣ ਤੋਂ ਪੱਛਮ ਤੋਂ ਉੱਤਰ ਤੋਂ ਪੂਰਬ ਤੀਕ ਕੀਤਾ ਗਿਆ ਹੈ। ਇਸ ਅਧਿਆਇ ਵਿਚ ਕਨਾਨ ਦੇਸ ਦਾ ਵਰਣਨ ਪੁਰਾਤਨ ਮਿਸਰੀ ਸ੍ਰੋਤਾਂ ਵਿਚ ਮਿਲਣ ਵਾਲੀ ਭੂਗੋਲਿਕ ਜਾਣਕਾਰੀ

ਨਾਲ ਮਿਲਦਾ ਹੈ ਅਤੇ ਪੁਸਤਕ ਦੀ ਪੁਰਾਤਨਤਾ ਦੇ ਹੋਰ ਸਬੂਤ ਪੇਸ਼ ਕਰਦਾ ਹੈ। "ਕਨਾਨ ਪੰਦਰਵੀਂ ਸਦੀ ਈਸਵੀ ਪੂਰਵ ਦੀ ਸ਼ੁਰੂਆਤ ਵਿਚ ਮਿਸਰੀ ਓਨੋਮਸਟਿਕਾ ਵਿਚ ਭੂਗੋਲਿਕ ਹਸਤੀ ਹੈ, ਕਿਉਂਕਿ ਅਠਾਰਵੇਂ ਅਤੇ ਉੱਨੀਵੇਂ ਰਾਜਵੰਸ਼ਾਂ ਦੌਰਾਨ ਕਨਾਨ ਦੇ ਜ਼ਿਆਦਾਤਰ ਹਿੱਸੇ ਤੇ ਮਿਸਰ ਦਾ ਕਬਜ਼ਾ ਸੀ।"[2]

**ਆਇਤਾਂ 3-5. ਦੱਖਣ ਦਾ ਪਾਸਾ** ਪਹਿਲਾਂ ਪਛਾਣਿਆ ਗਿਆ ਸੀ। ਇਹ **ਸਲੂਣੇ ਸਮੁੰਦਰ** (ਮ੍ਰਿਤ ਸਾਗਰ) ਦੇ ਦੱਖਣੀ ਸਿਰੇ ਤੋਂ ਸ਼ੁਰੂ ਹੋਇਆ ਸੀ, **ਸੀਨ ਦੀ ਉਜਾੜ** ਦੇ ਵਿੱਚੋਂ ਦੀ ਲੰਘਦਾ ਹੋਇਆ ਦੱਖਣ ਵੱਲ ਨੂੰ ਗਿਆ ਅਤੇ **ਕਾਦੇਸ਼-ਬਰਨੇਆ** ਵਿਚ ਇਸ ਦੇ ਦੱਖਣੀ ਸਿਰੇ ਤੀਕ ਪਹੁੰਚਿਆ, ਉਹ ਥਾਂ ਜਿੱਥੋਂ ਬਾਰਾਂ ਖੋਜ ਕੱਢਣ ਵਾਲਿਆਂ ਨੂੰ ਭੇਜਿਆ ਗਿਆ ਸੀ (13:21, 26)। ਇਹ ਵਾਪਸ ਉੱਤਰ-ਪੱਛਮ ਵੱਲ ਨੂੰ **ਮਿਸਰ ਦੀ ਨਦੀ ਤਾਈਂ** ਗਿਆ ਅਤੇ ਉਸ ਦਾ ਫੈਲਾਉ **ਸਮੁੰਦਰ** ਤੀਕ ਸੀ।

**ਆਇਤ 6. ਲਹਿੰਦੇ ਪਾਸੇ ਦੀ ਹੱਦ ਮਹਾ ਸਮੁੰਦਰ** (ਭੂਮੱਧ) ਦੀ **ਹੱਦ** ਸੀ। ਇਹ ਸਮੁੰਦਰ, ਜੋ ਕਿ ਸਰਦੀ ਵਿਚ ਆਉਣ ਵਾਲੇ ਤੂਫਾਨਾਂ ਦੇ ਲਈ ਜਾਣਿਆ ਜਾਂਦਾ ਸੀ, ਪ੍ਰਾਚੀਨ ਲੋਕ ਇਸ ਤੋਂ ਬਹੁਤ ਜ਼ਿਆਦਾ ਡਰਦੇ ਸਨ। ਮੰਨਿਆ ਜਾਂਦਾ ਹੈ ਕਿ ਇਹ ਡਰਾਉਣੇ ਦੇਵਤਾ ਯੱਮੂ ਨਾਲੇ ਸੱਪ/ਸਮੁੰਦਰੀ ਜੀਵ ਲੋਟਨ ਦਾ ਨਿਵਾਸ ਸਥਾਨ ਸੀ।[3] ਫ਼ਲਿਸਤੀ ਲੋਕ, ਕਨਾਨੀ ਲੋਕ ਅਤੇ ਫ਼ਨੀਸ਼ੀ ਲੋਕ ਭੂਮੱਧ ਤੱਟ ਦੇ ਨਾਲ-ਨਾਲ ਰਹਿੰਦੇ ਸਨ।

**ਅਇਤਾਂ 7-9. ਉੱਤਰ ਵੱਲ ਦੀ ਹੱਦ ਮਹਾ ਸਮੁੰਦਰ** ਤੋਂ ਸ਼ੁਰੂ ਹੋਈ ਸੀ ਅਤੇ **ਹੋਰ ਨਾਮੇ ਪਰਬਤ** ਤੱਕ ਗਈ ਸੀ। ਇਸ "ਹੋਰ ਪਰਬਤ" ਨੂੰ ਦੱਖਣੀ ਹੋਰ ਪਰਬਤ ਨਾਲ ਨਹੀਂ ਉਲਝਾਇਆ ਜਾਣਾ ਚਾਹੀਦਾ ਜਿੱਥੇ ਹਾਰੂਨ ਮਰਿਆ ਸੀ (20:22-29; 33:38, 39)। ਹੱਦ **ਹਮਾਥ** ਤੀਕ ਗਈ ਸੀ, ਜਿਹੜਾ ਖੋਜ ਕੱਢਣ ਦੀ ਮੁਹਿੰਮ ਦਾ ਉੱਤਰੀ ਸਿਰਾ ਸੀ (13:21)। ਸਰਹੱਦ **ਸਦਾਦ** ਤਾਈਂ ਪਹੁੰਚੀ ਸੀ, ਜੋ ਅਸਲ ਵਿਚ ਧਰਤੀ ਦੀ ਉੱਤਰੀ ਸਰਹੱਦ ਸੀ। ਉੱਥੋਂ, ਇਹ **ਜ਼ਿਫਰੋਨ** ਤੀਕ ਪਹੁੰਚੀ ਸੀ ਅਤੇ **ਹਸਰ-ਏਨਾਨ** ਵਿਚ ਖਤਮ ਹੋ ਗਈ ਸੀ।

**ਆਇਤਾਂ 10-12. ਪੂਰਬੀ ਹੱਦ** ਉਹ **ਨਿਸ਼ਾਨ** ਸੀ ਜਿਹੜਾ **ਹਸਰ-ਏਨਾਨ** ਵਿਚ ਸ਼ੁਰੂ ਹੋਇਆ ਸੀ ਅਤੇ **ਸ਼ਫਾਮ** ਅਤੇ **ਰਿਬਲਾਹ** ਦੇ ਵਿੱਚੋਂ ਦੀ ਲੰਘਿਆ ਸੀ। ਇਹ **ਕਿਨੱਰਥ ਦੀ ਝੀਲ** (ਗਲੀਲ ਦੀ ਝੀਲ) ਦੇ ਪੂਰਬੀ ਪਾਸੇ ਵੱਲ ਹੇਠਾਂ ਨੂੰ ਜਾਂਦੀ ਸੀ ਅਤੇ **ਸਲੂਣੇ ਸਮੁੰਦਰ** (ਮ੍ਰਿਤ ਸਾਗਰ) ਤੀਕ ਯਰਦਨ ਨਦੀ ਵੱਲ ਜਾਂਦੀ ਸੀ।

ਕਨਾਨ ਦੀ ਧਰਤੀ ਦੀ ਪੱਛਮੀ ਹੱਦ, ਮਹਾ ਸਮੁੰਦਰ, ਸਪੱਸ਼ਟ ਹੈ ਅਤੇ ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਪੱਛਮੀ ਹੱਦ ਯਰਦਨ ਨਦੀ ਸੀ; ਪਰ ਕਈ ਹੋਰ ਥਾਵਾਂ ਦੀ ਸਥਿਤੀ ਅਸਪੱਸ਼ਟ ਹੈ। ਸ਼ਾਇਦ, ਇਸਰਾਏਲ ਨੂੰ ਦਿੱਤੀ ਗਈ ਧਰਤੀ ਮ੍ਰਿਤ ਸਾਗਰ ਤੋਂ ਲੈ ਕੇ ਭੂਮੱਧ ਤੀਕ ਇਕ ਸਿੱਧੇ ਨਿਸ਼ਾਨ ਨਾਲ ਹੇਠਾਂ ਡੁੱਬੀ ਹੋਈ ਸੀ ਅਤੇ ਉੱਤਰੀ ਅਤੇ ਪੱਛਮੀ ਹੱਦਾਂ ਵਿਚ ਧਰਤੀ ਤੋਂ ਕਾਫੀ ਉੱਤੇ ਇਕ ਵੱਡਾ, ਉੱਭਰਵਾਂ ਇਲਾਕਾ ਅਤੇ ਗਲੀਲ ਦੀ ਝੀਲ ਦੇ ਸਿਰੇ ਤੋਂ ਲੈ ਕੇ ਭੂਮੱਧ ਤੀਕ ਪੂਰਬ ਵੱਲ ਨੂੰ ਇਕ ਨਿਸ਼ਾਨ ਸ਼ਾਮਲ ਸੀ।

ਰੋਨਲਡ ਬੀ. ਐਲਨ ਨੇ ਧਰਤੀ ਦੇ ਵਿਸਤ੍ਰਿਤ ਵਰਣਨ ਨੂੰ "ਇਕ ਭਰੋਸੇ ਵਾਲੀ ਡੀਡ, ਪਰਮੇਸ਼ੁਰ ਦੀ ਵੱਲੋਂ ਉਸ ਦੀ ਪਰਜਾ ਦੇ ਲਈ ਇਕ ਕਾਨੂੰਨੀ ਦਸਤਾਵੇਜ਼ ਕਿਹਾ ਸੀ ... ਜੋ ਕਿ ਪਰਜਾ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਅਤੇ ਯਹੋਵਾਹ ਦੀ ਉਨ੍ਹਾਂ ਦੀ ਨਿਰੰਤਰ ਬੰਦਗੀ ਨੂੰ ਉਕਸਾਉਣ ਦੇ ਲਈ [35 ਅਤੇ 36 ਅਧਿਆਵਾਂ ਵਿਚ ਲਿਖਤਾਂ ਦੇ ਨਾਲ] ਤਿਆਰ ਕੀਤਾ ਗਿਆ ਸੀ।"[4] ਫਿਲਿਪ ਜੇ. ਬੱਡ ਦਾ ਮੰਨਣਾ ਸੀ ਕਿ ਇਸਰਾਏਲ ਨੇ ਉਸ ਧਰਤੀ ਉੱਤੇ ਪੂਰੀ ਤਰ੍ਹਾਂ ਕਬਜ਼ਾ ਨਹੀਂ ਸੀ ਕੀਤਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀ ਸੀ।[5] ਉਸ ਧਰਤੀ ਦੇ ਸੰਬੰਧ

ਵਿਚ ਜਿਸ ਦਾ ਵਾਅਦਾ ਕੀਤਾ ਗਿਆ ਸੀ, ਉਸ ਨੇ ਆਖਿਆ, "ਵਰਣਨ ਕੁਝ ਹੱਦ ਤੱਕ ਆਦਰਸ਼ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜੋ ਇਕ ਵਿਸ਼ਾਲ ਇਲਾਕੇ ਦੇ ਵੱਲ ਇਸ਼ਾਰਾ ਕਰਦਾ ਹੈ ਜਿਸ ਤੇ ਇਸਰਾਏਲੀਆਂ ਨੇ ਕਦੇ ਵੀ ਪੂਰੀ ਤਰ੍ਹਾਂ ਕਬਜ਼ਾ ਨਹੀਂ ਸੀ ਕੀਤਾ।"[6] ਵਿਦਵਾਨ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਇਸਰਾਏਲੀਆਂ ਨੇ ਕਦੇ ਵੀ ਉਸ ਪੂਰੇ ਇਲਾਕੇ ਤੇ ਕਬਜ਼ਾ ਨਹੀਂ ਸੀ ਕੀਤਾ ਜਾਂ ਉਸ ਪੂਰੇ ਇਲਾਕੇ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਨਹੀਂ ਸੀ ਕੀਤਾ ਜਿਸ ਦਾ ਇਨ੍ਹਾਂ ਆਇਤਾਂ ਵਿਚ ਵਰਣਨ ਕੀਤਾ ਗਿਆ ਸੀ। ਫਿਰ ਵੀ, ਯਹੋਸ਼ੁਆ ਨੇ ਆਪਣੀ ਮੌਤ ਤੋਂ ਪਹਿਲਾਂ ਆਖਿਆ ਸੀ ਕਿ ਉਹ ਸਾਰੇ ਵਾਅਦੇ ਜੋ ਪਰਮੇਸ਼ੁਰ ਨੇ ਇਸਰਾਏਲ ਨਾਲ ਕੀਤੇ ਸਨ ਸਾਰੇ ਦੇ ਸਾਰੇ ਪੂਰੇ ਹੋਏ ਸਨ (ਯਹੋਸ਼ੁਆ 23:14)। ਪਰਮੇਸ਼ੁਰ ਨੇ ਇਸਰਾਏਲ ਨੂੰ ਧਰਤੀ ਦਿੱਤੀ ਸੀ; ਜੇਕਰ ਇਸਰਾਏਲ ਨੇ ਉਸ ਧਰਤੀ ਦੇ ਹਰ ਇਕ ਹਿੱਸੇ ਤੇ ਪੂਰੀ ਤਰ੍ਹਾਂ ਕਬਜ਼ਾ ਨਹੀਂ ਸੀ ਕੀਤਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀ ਸੀ, ਇਸ ਤੇ ਕਬਜ਼ਾ ਕਰਨ ਵਿਚ ਉਨ੍ਹਾਂ ਦੀ ਅਸਫ਼ਲਤਾ ਪਰਮੇਸ਼ੁਰ ਦੀ ਗਲਤੀ ਨਹੀਂ ਸੀ ਬਲਕਿ ਉਨ੍ਹਾਂ ਦੀ ਆਪਣੀ ਗਲਤੀ ਸੀ।

## ਧਰਤੀ ਦੀ ਵੰਡ (34:13-29)

**13ਫੇਰ ਮੂਸਾ ਨੇ ਇਸਰਾਏਲੀਆਂ ਨੂੰ ਹੁਕਮ ਦੇ ਕੇ ਆਖਿਆ, ਇਹ ਉਹ ਧਰਤੀ ਹੈ ਜਿਹ ਦੀ ਮਿਲਖ ਤੁਸੀਂ ਗੁਣੇ ਪਾ ਕੇ ਲਓਗੇ ਜਿਹ ਨੂੰ ਯਹੋਵਾਹ ਨੇ ਹੁਕਮ ਦਿੱਤਾ ਕਿ ਉਹ ਉਨ੍ਹਾਂ ਨੌਂ ਗੋਤਾਂ ਨੂੰ ਅਤੇ ਉਸ ਅੱਧੇ ਗੋਤ ਨੂੰ ਦਿੱਤੀ ਜਾਵੇ। 14ਕਿਉਂ ਜੋ ਰਊਬੇਨੀਆਂ ਦੇ ਗੋਤ ਨੇ ਆਪਣਿਆਂ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਅਤੇ ਗਾਦੀਆਂ ਨੇ ਆਪਣਿਆਂ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਅਤੇ ਮਨੱਸ਼ਹ ਦੇ ਅੱਧੇ ਗੋਤ ਨੇ ਆਪਣੀ ਮਿਲਖ ਨੂੰ ਪਾ ਲਿਆ ਹੈ। 15ਇਨ੍ਹਾਂ ਦੋਹਾਂ ਗੋਤਾਂ ਨੇ ਅਤੇ ਅੱਧੇ ਗੋਤ ਨੇ ਆਪਣੀ ਮਿਲਖ ਨੂੰ ਯਰਦਨ ਪਾਰ ਯਰੀਹੋ ਕੋਲ ਪੂਰਬ ਵੱਲ ਚੜ੍ਹਦੇ ਪਾਸੇ ਪਾ ਲਿਆ ਹੈ। 16ਫੇਰ ਯਹੋਵਾਹ ਮੂਸਾ ਨੂੰ ਬੋਲਿਆ, 17ਏਹ ਉਨ੍ਹਾਂ ਮਨੁੱਖਾਂ ਦੇ ਨਾਉਂ ਹਨ ਜੋ ਤੁਹਾਡੇ ਲਈ ਧਰਤੀ ਦੀ ਮਿਲਖ ਵੰਡਣ। ਅਲਆਜ਼ਾਰ ਜਾਜਕ ਅਰ ਨੂਨ ਦਾ ਪੁੱਤ੍ਰ ਯਹੋਸ਼ੁਆ। 18ਨਾਲੇ ਤੁਸੀਂ ਹਰ ਗੋਤ ਤੋਂ ਇੱਕ ਇੱਕ ਪਰਧਾਨ ਧਰਤੀ ਦੀ ਮਿਲਖ ਵੰਡਣ ਲਈ ਲਿਓ। 19ਅਤੇ ਏਹ ਉਨ੍ਹਾਂ ਮਨੁੱਖਾਂ ਦੇ ਨਾਉਂ ਹੋਣ, - ਯਹੂਦਾਹ ਦੇ ਗੋਤ ਲਈ ਯਫ਼ੁੰਨਾਹ ਦਾ ਪੁੱਤ੍ਰ ਕਾਲੇਬ। 20ਸ਼ਿਮਓਨੀਆਂ ਦੇ ਗੋਤ ਲਈ ਅੰਮੀਹੂਦ ਦਾ ਪੁੱਤ੍ਰ ਸ਼ਮੂਏਲ। 21ਬਿਨਯਾਮੀਨ ਦੇ ਗੋਤ ਲਈ ਕਿਸਲੋਨ ਦਾ ਪੁੱਤ੍ਰ ਅਲੀਦਾਦ। 22ਦਾਨੀਆਂ ਦੇ ਗੋਤ ਲਈ ਇੱਕ ਪਰਧਾਨ ਯਾਗਲੀ ਦਾ ਪੁੱਤ੍ਰ ਬੁੱਕੀ। 23ਯੂਸੁਫ਼ ਦੇ ਪੁੱਤ੍ਰਾਂ ਵਿੱਚੋਂ ਮਨੱਸ਼ੀਆਂ ਦੇ ਗੋਤ ਲਈ ਇੱਕ ਪਰਧਾਨ ਏਫ਼ੋਦ ਦਾ ਪੁੱਤ੍ਰ ਹੰਨੀਏਲ। 24ਅਤੇ ਅਫ਼ਰਈਮੀਆਂ ਦੇ ਗੋਤ ਲਈ ਇੱਕ ਪਰਧਾਨ ਸ਼ਿਫ਼ਟਾਨ ਦਾ ਪੁੱਤ੍ਰ ਕਮੂਏਲ। 25ਅਤੇ ਜ਼ਬੂਲੁਨੀਆਂ ਦੇ ਗੋਤ ਲਈ ਇੱਕ ਪਰਧਾਨ ਪਰਨਾਕ ਦਾ ਪੁੱਤ੍ਰ ਅਲੀਸਾਫ਼ਾਨ। 26ਅਤੇ ਯਿੱਸਾਕਾਰੀਆਂ ਦੇ ਗੋਤ ਲਈ ਇੱਕ ਪਰਧਾਨ ਅੱਜ਼ਾਨ ਦਾ ਪੁੱਤ੍ਰ ਪਲਟੀਏਲ। 27ਅਤੇ ਆਸ਼ੇਰੀਆਂ ਦੇ ਗੋਤ ਲਈ ਇੱਕ ਪਰਧਾਨ ਸ਼ਲੋਮੀ ਦਾ ਪੁੱਤ੍ਰ ਅਹੀਹੂਦ। 28ਅਤੇ ਨਫ਼ਤਾਲੀਆਂ ਦੇ ਗੋਤ ਲਈ ਇੱਕ ਪਰਧਾਨ ਅੰਮੀਹੂਦ ਦਾ ਪੁੱਤ੍ਰ ਪਦਹੇਲ। 29ਏਹ ਓਹ ਹਨ ਜਿਨ੍ਹਾਂ ਨੂੰ ਯਹੋਵਾਹ ਨੇ ਹੁਕਮ ਦਿੱਤਾ ਸੀ ਕਿ ਓਹ ਇਸਰਾਏਲੀਆਂ ਲਈ ਕਨਾਨ ਦੇਸ ਦੀ ਮਿਲਖ ਵੰਡ ਦੇਣ।**

**ਆਇਤ 13.** ਧਰਤੀ ਦੀਆਂ ਹੱਦਾਂ ਦਾ ਵਰਣਨ ਕਰਨ ਤੋਂ ਬਾਅਦ ਜੋ ਪਰਮੇਸ਼ੁਰ **ਇਸਰਾਏਲੀਆਂ** ਨੂੰ ਦੇਣ ਜਾ ਰਿਹਾ ਸੀ, **ਮੂਸਾ** ਨੇ ਸਪੱਸ਼ਟ ਰੂਪ ਨਾਲ ਦੱਸਿਆ ਕਿ ਮਿਲਖ

**ਗੁਣੇ ਪਾ ਕੇ ਲਈ** ਜਾਣੀ ਸੀ। ਇਹ **ਮਿਲਖ** ਜੋ **ਯਹੋਵਾਹ** ਨੇ ਦਿੱਤੀ ਸੀ **ਨੌਂ ਗੋਤਾਂ ਅਤੇ ਅੱਧੇ ਗੋਤ** ਵਿਚ ਵੰਡੀ ਜਾਣੀ ਸੀ।

**ਆਇਤਾਂ 14, 15.** ਧਰਤੀ ਦੀ ਵੰਡ ਦੇ ਲਈ ਇਸ ਯੋਜਨਾ ਦਾ ਇਸ ਲਈ ਹੁਕਮ ਦਿੱਤਾ ਗਿਆ ਸੀ ਕਿਉਂਕਿ **ਰਊਬੇਨੀਆਂ** ਦੇ ਅਤੇ **ਗਾਦੀਆਂ** ਦੇ ਅਤੇ **ਮਨੱਸ਼ਹ ਦੇ ਅੱਧੇ ਗੋਤ** [ਗੋਤਾਂ] ਨੂੰ **ਯਰਦਨ** ਦੇ ਚੜ੍ਹਦੇ ਪਾਸੇ ਵੱਲ **ਆਪਣਿਆਂ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ** ਉਨ੍ਹਾਂ ਦੀ ਧਰਤੀ ਦਾ ਹਿੱਸਾ ਪਹਿਲਾਂ ਹੀ ਮਿਲ ਚੁੱਕਾ ਸੀ।

**ਆਇਤਾਂ 16-18.** ਸ਼ੁਰੂ ਵਿਚ, **ਯਹੋਵਾਹ** ਨੇ ਖੁਦ **ਮੂਸਾ ਨੂੰ ਉਨ੍ਹਾਂ ਮਨੁੱਖਾਂ ਦੇ ਨਾਉਂ** ਦੱਸੇ ਸਨ ਜਿਹੜੇ ਗੋਤਾਂ ਵਿਚ ਧਰਤੀ ਦੀ ਅਸਲ ਵੰਡ ਦੇ ਲਈ ਜ਼ਿੰਮੇਵਾਰ ਹੋਣਗੇ। **ਅਲਆਜ਼ਾਰ ਜਾਜਕ ਅਰ ਨੂਨ ਦਾ ਪੁੱਤ੍ਰ ਯਹੋਸ਼ੂਆ ਧਰਤੀ ਨੂੰ ਵੰਡਣ** ਦੇ ਲਈ ਜ਼ਿੰਮੇਵਾਰ ਸਨ। ਉਨ੍ਹਾਂ ਦੀ ਮਦਦ **ਹਰ ਗੋਤ** (ਮਨੱਸ਼ਹ ਦੇ ਅੱਧੇ ਗੋਤ ਸਮੇਤ) ਤੋਂ **ਇੱਕ ਇੱਕ ਪਰਧਾਨ** ਦੁਆਰਾ ਕੀਤੀ ਜਾਣੀ ਸੀ ਜਿਨ੍ਹਾਂ ਨੂੰ ਕਨਾਨ ਵਿਚ ਇਲਾਕਾ ਮਿਲਣਾ ਸੀ।

**ਆਇਤਾਂ 19-29. ਕਨਾਨ ਦੀ ਧਰਤੀ ਦੀ ਮਿਲਖ** ਵੰਡਣ ਦੇ ਕੰਮ ਲਈ ਨਿਯੁਕਤ ਕੀਤੇ **ਮਨੁੱਖਾਂ** ਦੇ ਨਾਵਾਂ ਦੀ ਸੂਚੀ ਉਨ੍ਹਾਂ ਗੋਤਾਂ ਦੇ ਅਨੁਸਾਰ ਦਿੱਤੀ ਗਈ ਹੈ ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰਦੇ ਸਨ।

| *ਗੋਤ* | *ਪਿਤਾ* | *ਨੁਮਾਇੰਦਾ* |
|---|---|---|
| ਯਹੂਦਾਹ | ਯਫ਼ੁੰਨਹ | ਕਾਲੇਬ |
| ਸ਼ਿਮਓਨ | ਅੰਮੀਹੂਦ | ਸ਼ਮੂਏਲ |
| ਬਿਨਯਾਮੀਨ | ਕਿਸਲੋਨ | ਅਲੀਦਾਦ |
| ਦਾਨ | ਯਾਗਲੀ | ਬੁੱਕੀ |
| ਮਨੱਸ਼ਹ | ਏਫ਼ੋਦ | ਹੰਨੀਏਲ |
| ਅਫ਼ਰਾਈਮ | ਸ਼ਿਫ਼ਟਾਨ | ਕਮੂਏਲ |
| ਜ਼ਬੂਲੁਨ | ਪਰਨਾਕ | ਅਲੀਸਾਫ਼ਾਨ |
| ਯਿੱਸਾਕਾਰ | ਅੱਜ਼ਾਨ | ਪਲਟੀਏਲ |
| ਆਸ਼ੇਰ | ਸ਼ਲੋਮੀ | ਅਹੀਹੂਦ |
| ਨਫ਼ਤਾਲੀ | ਅੰਮੀਹੂਦ | ਪਦਹੇਲ |

ਇਹ ਨਾਮ ਉਸ ਲਗਭਗ ਕ੍ਰਮ ਵਿਚ ਦਿੱਤੇ ਗਏ ਹਨ ਜਿਸ ਵਿਚ ਗੋਤ ਧਰਤੀ ਵਿਚ ਵੱਸੇ ਸਨ, ਦੱਖਣ ਤੋਂ ਲੈ ਕੇ ਪੱਛਮ ਤੀਕ।[7] ਗੋਤਾਂ ਵਿੱਚੋਂ ਦਸ ਮਨੁੱਖ ਜੋ ਚੁਣੇ ਗਏ ਸਨ ਗਿਣਤੀ ਦੇ ਪਾਠਕ ਉਨ੍ਹਾਂ ਵਿੱਚੋਂ ਸਿਰਫ ਕਾਲੇਬ ਦੇ ਨਾਮ ਤੋਂ ਜਾਣੂ ਹਨ। ਬਾਰਾਂ ਖੋਜ ਕੱਢਣ ਵਾਲਿਆਂ ਵਿੱਚੋਂ ਸਿਰਫ ਉਹੀ ਇਕੱਲਾ ਸੀ ਜਿਹੜਾ ਜ਼ਿਆਦਾਤਰ ਖੋਜੀਆਂ ਦੀ ਝੂਠੀ ਰਪੋਟ ਨਾਲ ਅਸਹਿਮਤ ਹੋਇਆ ਸੀ। ਉਸ ਦੀ ਪੀੜ੍ਹੀ ਵਿੱਚੋਂ, ਸਿਰਫ ਉਸ ਨੂੰ ਅਤੇ ਯਹੋਸ਼ੁਆ ਨੂੰ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦਿੱਤਾ ਗਿਆ ਸੀ।

ਪੂਰੀ ਗਿਣਤੀ ਦੀ ਪੁਸਤਕ ਵਿਚ ਅਜਿਹੀਆਂ ਤਿੰਨ ਸੂਚੀਆਂ ਮਿਲਦੀਆਂ ਹਨ: ਕੂਚ ਦੀ ਤਰਤੀਬ (ਅਧਿਆਇ 10), ਉਨ੍ਹਾਂ ਦੇ ਨਾਮ ਜਿਨ੍ਹਾਂ ਨੇ ਧਰਤੀ ਦੀ ਖੋਜ ਕੀਤੀ ਸੀ (ਅਧਿਆਇ 13) ਅਤੇ ਇੱਥੇ ਦਿੱਤੀ ਗਈ ਸੂਚੀ (ਅਧਿਆਇ 34)। ਪੁਸਤਕ ਵਿਚ ਇਹ ਤਿੰਨ ਮੁੱਖ ਮਹੱਤਵਪੂਰਣ ਮੋੜ ਹਨ।[8]

# ਪ੍ਰਾਸੰਗਿਕਤਾ

## ਅਧਿਆਤਮਕ ਮਹੱਤਤਾ (ਅਧਿਆਇ 34)

ਇਹ ਅਧਿਆਇ ਅਧਿਆਤਮਕ ਤੌਰ ਤੇ ਮਹੱਤਵਪੂਰਣ ਹੈ ਕਿਉਂਕਿ ਇਹ ਸਪੱਸ਼ਟ ਕਰਦਾ ਹੈ ਕਿ ਧਰਤੀ ਪਰਮੇਸ਼ੁਰ ਦੀ ਦਾਤ ਸੀ, ਜਿਵੇਂ ਕਿ ਪਹਿਲਾਂ ਅਬਰਾਹਾਮ ਅਤੇ ਫਿਰ ਇਸਹਾਕ ਅਤੇ ਯਾਕੂਬ ਨੂੰ ਵਾਅਦਾ ਦਿੱਤਾ ਗਿਆ ਸੀ (ਉਤਪਤ 13:14-16; 26:1-4; 28:10-15)। ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਕਨਾਨ ਦੀ ਧਰਤੀ ਦਿੱਤੀ ਸੀ, ਪਰ ਫਿਰ ਵੀ ਇਸ ਤੇ ਕਬਜ਼ਾ ਕਰਨ ਦੇ ਲਈ ਉਨ੍ਹਾਂ ਨੂੰ ਲੜਨਾ ਪੈਣਾ ਸੀ (ਵੇਖੋ ਯਹੋਸ਼ੁਆ 1-12)। ਆਮ ਤੌਰ ਤੇ, ਲੋਕਾਂ ਨੂੰ ਪਰਮੇਸ਼ੁਰ ਦੀਆਂ ਦਾਤਾਂ ਨੂੰ ਕਬਜ਼ੇ ਵਿਚ ਲੈਣ ਦੇ ਲਈ ਕੁਝ ਕਰਨਾ ਪੈਂਦਾ ਹੈ, ਉਦਾਹਰਣ ਦੇ ਲਈ, ਪਰਮੇਸ਼ੁਰ ਸਾਨੂੰ ਭੋਜਨ ਅਤੇ ਕੱਪੜੇ ਦਿੰਦਾ ਹੈ, ਪਰ ਫਿਰ ਵੀ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਲਈ ਸਾਨੂੰ ਕੰਮ ਕਰਨਾ ਪੈਂਦਾ ਹੈ - ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਲਈ ਕੰਮ ਕਰਨ ਦਾ ਅਰਥ ਇਹ ਨਹੀਂ ਹੈ ਕਿ ਉਹ ਸਾਨੂੰ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਕੋਈ ਘਟੀਆ ਦਾਤਾਂ ਹਨ। ਉਸੇ ਤਰ੍ਹਾਂ, ਪਰਮੇਸ਼ੁਰ ਲੋਕਾਂ ਨੂੰ ਮੁਕਤੀ ਦਿੰਦਾ ਹੈ, ਪਰ ਮੁਕਤੀ ਦੀ ਉਸ ਦਾਤ ਨੂੰ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਕੁਝ ਕਰੀਏ। ਖਾਸਕਰ, ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ, ਮਸੀਹ ਦਾ ਇਕਰਾਰ ਕਰਨਾ ਚਾਹੀਦਾ ਹੈ ਅਤੇ ਬਚਾਏ ਜਾਣ ਦੇ ਲਈ ਬਪਤਿਸਮਾ ਲੈਣਾ ਚਾਹੀਦਾ ਹੈ। ਜਦੋਂ ਅਸੀਂ ਇਨ੍ਹਾਂ ਤਰੀਕਿਆਂ ਨਾਲ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਦੇ ਹਾਂ, ਸਾਨੂੰ ਉਸ ਦੀ ਦਾਤ ਦੇ ਰੂਪ ਵਿਚ, ਕਿਰਪਾ ਦੁਆਰਾ ਮੁਕਤੀ ਪ੍ਰਾਪਤ ਹੁੰਦੀ ਹੈ (ਅਫ਼ਸੀਆਂ 2:8)। ਭਾਵੇਂ ਕਿ ਸਾਨੂੰ ਬਚਾਏ ਜਾਣ ਦੇ ਲਈ ਕੁਝ ਕਰਨ ਦੀ ਲੋੜ ਹੁੰਦੀ ਹੈ (ਮੱਤੀ 7:21), ਮੁਕਤੀ ਫਿਰ ਵੀ ਇਕ ਦਾਤ ਹੈ ਜਿਸ ਦੇ ਲਈ ਸਾਨੂੰ ਪਰਮੇਸ਼ੁਰ ਦੀ ਉਸਤਤ ਕਰਨੀ ਚਾਹੀਦੀ ਹੈ।

## ਵਾਅਦੇ ਦੀ ਧਰਤੀ (34:1-12)

34:1-12 ਵਿਚ, ਵਾਅਦੇ ਦੀ ਧਰਤੀ ਦਾ ਵਰਣਨ ਕੀਤਾ ਗਿਆ ਹੈ। ਇਹ ਵਾਅਦਾ ਅਸਲ ਵਿਚ ਪਰਮੇਸ਼ੁਰ ਦੁਆਰਾ ਅਬਰਾਹਾਮ (ਅਬਰਾਮ) ਨੂੰ ਦਿੱਤਾ ਗਿਆ ਸੀ ਪਰਮੇਸ਼ੁਰ ਨੇ ਉਸ ਨੂੰ ਇਕ ਵੱਡੀ ਕੌਮ, ਇਕ ਵੱਡੇ ਨਾਮ ਅਤੇ ਉਸ ਦੀ ਅੰਸ ਦੇ ਰਾਹੀਂ ਸ਼ਰਿਸ਼ਟੀ ਦੇ ਸਾਰੇ ਘਰਾਣਿਆਂ ਦੇ ਲਈ ਇਕ ਵੱਡੀ ਬਰਕਤ ਦਾ ਵਾਅਦਾ ਦਿੱਤਾ ਸੀ। ਉਸ ਨੇ ਅਬਰਾਹਾਮ ਦੀ ਅੰਸ ਨੂੰ ਕਨਾਨ ਦੀ ਧਰਤੀ ਦੇਣ ਦਾ ਵੀ ਵਾਅਦਾ ਕੀਤਾ ਸੀ, ਜੋ ਕਿ ਧਰਤੀ ਦੀ ਧੂੜ ਅਤੇ ਅਕਾਸ਼ ਦੇ ਤਾਰਿਆਂ ਜਿੰਨੀ ਹੋਵੇਗੀ (ਉਤਪਤ 11:31; 12:1-7; 13:12-18; 15:5, 18-21)। ਇਹੀ ਵਾਅਦਾ ਅਬਰਾਹਾਮ ਦੀ ਅੰਸ ਵਿੱਚੋਂ ਦੋ ਜਣਿਆ - ਇਸਹਾਕ ਅਤੇ ਯਾਕੂਬ - ਅੱਗੇ ਦੁਹਰਾਇਆ ਗਿਆ ਸੀ (ਉਤਪਤ 26:2-4, 24; 28:3-15; 35:10-12)।

ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ, ਨਿਹਚਾ ਤੇ ਵੱਡੇ ਅਧਿਆਇ (ਅਧਿਆਇ 11) ਵਿਚ, ਵਾਅਦੇ ਦੀ ਧਰਤੀ ਦਾ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਸੀ:

> ਨਿਹਚਾ ਨਾਲ ਅਬਰਾਹਾਮ ਜਾਂ ਸੱਦਿਆ ਗਿਆ ਤਾਂ ਓਸ ਥਾਂ ਜਾਣ ਦੀ ਆਗਿਆ ਮੰਨ ਲਈ ਜਿਹ ਨੂੰ ਉਹ ਨੇ ਅਧਕਾਰ ਵਿੱਚ ਲੈਣਾ ਸੀ, ਅਤੇ ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ। ਨਿਹਚਾ ਨਾਲ ਉਹ ਵਾਇਦੇ ਵਾਲੀ ਧਰਤੀ ਵਿੱਚ ਜਾ ਵੱਸਿਆ ਜਿਵੇਂ ਪਰਾਈ ਧਰਤੀ ਵਿੱਚ ਉਹ ਨੇ ਇਸਹਾਕ ਅਤੇ ਯਾਕੂਬ ਦੇ ਨਾਲ ਜਿਹੜੇ ਉਹ ਦੇ ਸੰਗ ਓਸੇ ਵਾਇਦੇ ਦੇ ਅਧਕਾਰੀ ਸਨ ਤੰਬੂਆਂ ਵਿੱਚ ਵਾਸ ਕੀਤਾ। ... ਉਪਰੰਤ ਇੱਕ ਤੋਂ ਜੋ ਮੁਰਦਾ ਜਿਹਾ ਸੀ ਐਨੇਕੁ ਉਤਪਤ ਹੋਏ ਜਿੰਨੇਕੁ ਬਹੁਤਾਇਤ ਕਰਕੇ

ਅਕਾਸ਼ ਦੇ ਤਾਰੇ ਹਨ ਅਤੇ ਜਿੰਨੇਕੁ ਸਮੁੰਦਰ ਦੇ ਕੰਢੇ ਉਤਲੀ ਰੇਤ ਦੇ ਦਾਣੇ ਜੋ ਅਣਗਿਣਤ ਹਨ। ਏਹ ਸੱਭੇ ਨਿਹਚਾ ਵਿੱਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਬਚਨ ਪਰਾਪਤ ਨਾ ਹੋਏ ਪਰ ਓਹ ਦੂਰੋਂ ਉਨ੍ਹਾਂ ਨੂੰ ਵੇਖ ਕੇ ਜੀ ਆਇਆਂ ਨੂੰ ਆਖਿਆ ਅਤੇ ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ। ... ਅਤੇ ਏਹ ਸੱਭੇ ਭਾਵੇਂ ਓਹਨਾਂ ਲਈ ਓਹਨਾਂ ਦੀ ਨਿਹਚਾ ਦੇ ਕਾਰਨ ਸਾਖੀ ਦਿੱਤੀ ਗਈ ਤਾਂ ਵੀ ਵਾਇਦੇ ਨੂੰ ਪਰਾਪਤ ਨਾ ਹੋਏ (ਇਬਰਾਨੀਆਂ 11:8, 9, 12, 13, 39)।

ਧਰਤੀ ਦੇ ਵਾਅਦੇ ਦੇ ਪੂਰੇ ਹੋਣ ਦੀ ਇਕ ਝਲਕ ਕੂਚ 3:16-18; 6:3-8; ਅਤੇ 33:1 ਵਿਚ ਮਿਲਦੀ ਹੈ, ਜਦੋਂ ਇਸਰਾਏਲੀ ਮਿਸਰ ਦੀ ਗੁਲਾਮੀ ਵਿਚ ਸਨ। ਜਦੋਂ ਇਸਰਾਏਲੀ ਧਰਤੀ ਵਿਚ ਦਾਖਲ ਹੋਣ ਦੇ ਲਈ ਯਰਦਨ ਨਦੀ ਨੂੰ ਪਾਰ ਕਰਨ ਦੇ ਲਈ ਤਿਆਰ ਸਨ, ਮੂਸਾ ਨੇ ਬਿਵਸਥਾ ਸਾਰ 1:7-11; 34:1-4 ਵਿਚ ਵਾਅਦੇ ਦੀ ਗੱਲ ਕੀਤੀ ਸੀ। ਵਾਅਦਾ ਅਸਲ ਵਿਚ ਯਹੋਸ਼ੁਆ 1:1-6; 6–12; 23:5, 9, 10; 24:11-13 ਵਿਚ ਪੂਰਾ ਹੋਇਆ ਸੀ, ਜਦੋਂ ਇਸਰਾਏਲੀਆਂ ਧਰਤੀ ਵਿਚ ਦਾਖਲ ਹੋਏ ਅਤੇ ਇਸ ਤੇ ਕਬਜ਼ਾ ਕੀਤਾ (ਵੇਖੋ ਨਿਆਈਆਂ 1:1-2:10)।

---

## ਟਿੱਪਣੀਆਂ

[1]ਗਿਣਤੀ 34 ਵਿਚ ਪੇਸ਼ ਕੀਤੀਆਂ ਗਈਆਂ ਧਰਤੀ ਦੀਆਂ ਹੱਦਾਂ ਦੇ ਵਧੇਰੇ ਵਿਸਤ੍ਰਿਤ ਵਰਣਨ ਅਤੇ ਉਨ੍ਹਾਂ ਹੱਦਾਂ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਵਿਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚਰਚਾ ਦੇ ਲਈ, *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ੇ 994-96 ਵਿਚ ਵੇਖੋ ਰੋਨਲਡ ਬੀ. ਐਲਨ। [2]ਆਰ. ਡੈਨਿਸ ਕੋਲ, *ਗਿਣਤੀ ਜ਼ੋਂਡੇਰਵਨ ਇੱਲਸਟ੍ਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੋਨ ਐਚ. ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 399 ਤੇ। [3]ਉਸੇ ਸਥਾਨ ਤੇ, 400. [4]ਐਲਨ, 993. [5]ਫਿਲਿਪ ਜੇ. ਬੱਡ, *ਗਿਣਤੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 5 (ਵਾਕੋ, ਟੈਕਸਾਸ: ਵਰਡ ਬੁਕਸ, 1984) ਵਿਚ ਸਫ਼ਾ 366 ਤੇ *ਗਿਣਤੀ* ਹੈ। [6]ਉਸੇ ਸਥਾਨ ਤੇ, 367. [7]ਗੋਰਡਨ ਜੇ. ਵੈਨਹਮ *ਨੰਬਰਸ* ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 232 ਤੇ *ਗਿਣਤੀ* ਹੈ। ਵੇਖੋ ਯਹੋਸ਼ੁਆ 14-19. [8]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੋਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 312.